health e link
ELECTRONIC HEALTH RECORD

# ਸਿਹਤ ਈ-ਲਿੰਕ (ਹੈਲਥ ਈ-ਲਿੰਕ) ਵਿੱਚ ਤੁਹਾਡਾ ਸੁਆਗਤ ਹੈ

### ਪੋਸਟਕੋਡਜ਼ 2145, 2148, 2150, 2747, 2750, 2770 ਅਤੇ ੨੭੫੦ ਵਿੱਚ ੧੫ ਸਾਲ ਅਤੇ ਉਸ ਤੋਂ ਘੱਟ ਉਮਰ ਦੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਲਈ ਜਾਣਕਾਰੀ

## ਸਿਹਤ ਈ-ਲਿੰਕ ਕੀ ਹੈ?

ਸਿਹਤ (ਹੈਲਥ) ਈ-ਲਿੰਕ : ਉਸ ਨਵੇਂ ਪ੍ਰਬੰਧ/ਪ੍ਰਣਾਲੀ ਦਾ ਇਕ ਪਾਇਲਟ ਹੈ, ਜੋ ਕੰਮ ਕਰਨ ਵਾਲੇ ਡਾਕਟਰਾਂ, ਹਸਪਤਾਲਾਂ ਅਤੇ ਕਮਿਊਨਿਟੀ ਸਿਹਤ ਕੇਂਦਰਾਂ ਤੋਂ ਮਰੀਜ਼ਾਂ ਦੀ ਸਿਹਤ ਬਾਰੇ ਜਾਣਕਾਰੀ ਦਾ ਖ਼ੁਲਾਸਾ ਮੁਹੱਈਆ ਕਰਵਾਉਂਦਾ ਹੈ।

ਇਹ ਪਾਇਲਟ ਇਨ੍ਹਾਂ ਪੋਸਟਕੋਡਜ਼ 2145, 2148, 2150, 2747, 2750 ਅਤੇ 2770 ਵਿੱਚ ਰਹਿਣ ਵਾਲੇ 15 ਸਾਲ ਅਤੇ ਉਸ ਤੋਂ ਘੱਟ ਉਮਰ ਦੇ ਬੱਚਿਆਂ ਲਈ ਖੁੱਲ੍ਹਾ ਹੈ।

## ਇਹ ਲਾਭਦਾਇਕ ਕਿਉਂ ਹੈ?

ਪਹਿਲੀ ਵਾਰ, ਤੁਹਾਡੇ ਬੱਚੇ ਦੀ ਸਿਹਤ ਸੰਭਾਲ ਦਾ ਇੱਕ ਇਲੈਕਟ੍ਰੌਨਿਕ ਖ਼ੁਲਾਸਾ ਤੁਹਾਡੇ ਲਈ ਅਤੇ ਉਨ੍ਹਾਂ ਦੇ ਸਿਹਤ-ਸੰਭਾਲ ਪ੍ਰਦਾਤਿਆਂ ਲਈ ਉਪਲਬਧ ਹੋਵੇਗਾ।

ਕੁੱਝ ਸਿਹਤ-ਸੰਭਾਲ ਪ੍ਰਦਾਤਿਆਂ ਲਈ ਇਸ ਦਾ ਅਰਥ ਹੋਵੇਗਾ-ਇਸ ਲਾਭਦਾਇਕ ਜਾਣਕਾਰੀ ਤੱਕ ਉਨ੍ਹਾਂ ਦਾ ਤੁਰੰਤ ਪਹੁੰਚ ਕਰ ਸਕਣਾ, ਜਿਸ ਤੱਕ ਕਿ ਇਸ ਦੇ ਬਿਨਾਂ ਉਹ ਸ਼ਾਇਦ ਨਾ ਪਹੁੰਚ ਸਕਦੇ।

ਤੁਹਾਡੇ ਬੱਚੇ ਦੀ ਸਿਹਤ-ਸੰਭਾਲ ਉਤੇ ਨਿਰਭਰ ਕਰਦਿਆਂ, ਉਨ੍ਹਾਂ ਦੇ ਰਿਕਾਰਡ ਵਿੱਚ ਐਲਰਜੀਆਂ, ਦਵਾਈਆਂ, ਸਿਹਤ ਸਮੱਸਿਆਵਾਂ ਅਤੇ ਵੱਖੋ-ਵੱਖਰੇ ਡਾਕਟਰਾਂ ਦੀਆਂ ਟਿੱਪਣੀਆਂ ਬਾਰੇ ਖ਼ੁਲਾਸਾ ਜਾਣਕਾਰੀ ਸ਼ਾਮਲ ਹੋ ਸਕਦੀ ਹੈ।

## ਕੌਣ ਸ਼ਾਮਲ ਹੈ?

ਇਸ ਪਾਇਲਟ ਵਿੱਚ ਪਰਿਵਾਰਕ ਡਾਕਟਰਾਂ, ਹਸਪਤਾਲੀ ਡਾਕਟਰਾਂ ਅਤੇ ਨਰਸਾਂ, ਕਮਿਊਨਿਟੀ ਸਿਹਤ ਅਤੇ ਸਬੰਧਤ ਹੋਰ ਸਿਹਤ ਕਾਮਿਆਂ ਸਮੇਤ ਕਈ ਵੱਖੋ-ਵੱਖਰੀ ਕਿਸਮ ਦੇ ਸਿਹਤ-ਸੰਭਾਲ ਪ੍ਰਦਾਤੇ ਸ਼ਾਮਲ ਹਨ।

ਕਿਉਂਕਿ ਇਹ ਇੱਕ ਪਾਇਲਟ ਹੈ, ਇਸੇ ਲਈ ਇਸ ਵਿੱਚ ਸਾਰੇ ਸਿਹਤ-ਸੰਭਾਲ ਪ੍ਰਦਾਤਾ ਭਾਗ ਨਹੀਂ ਲੈ ਰਹੇ-ਅਤੇ ਕੇਵਲ ਉਹੀ ਤੁਹਾਡੇ ਬੱਚੇ ਦਾ ਇਲੈਕਟ੍ਰਾਨਿਕ ਸਿਹਤ ਰਿਕਾਰਡ ਦੇਖ ਸਕਦੇ ਹਨ ਜਾਂ ਹੋਰ ਜਾਣਕਾਰੀ ਸ਼ਾਮਲ ਕਰ ਸਕਦੇ ਹਨ, ਜਿਹੜੇ ਇਸ ਵਿੱਚ ਭਾਗ ਲੈ ਰਹੇ ਹਨ।

ਅਸੀਂ ਪ੍ਰਗਤੀਸ਼ੀਲ ਢੰਗ ਨਾਲ ਸਹੂਲਤਾਂ ਨੂੰ ਵਧਾਵਾਂਗੇ, ਜਿਸ ਤੋਂ ਜਾਣਕਾਰੀ ਇਕੱਠੀ ਕੀਤੀ ਜਾ ਸਕਦੀ ਹੈ।

ਜਦੋਂ ਪਹਿਲਾਂ-ਪਹਿਲ ਨਾਂ ਐਨਰੋਲ ਕੀਤਾ ਜਾਂਦਾ ਹੈ ਤਾਂ ਹਰੇਕ ਬੱਚੇ ਦਾ ਇਲੈਕਟ੍ਰਾਨਿਕ ਸਿਹਤ ਰਿਕਾਰਡ ਖਾਲੀ ਹੋਵੇਗਾ-ਇਹ ਜਾਣਕਾਰੀ ਸਮੇਂ ਨਾਲ ਭਰੀ ਜਾਵੇਗੀ।

NSW HEALTH

## ਮੇਰੇ ਬੱਚੇ ਦਾ ਰਿਕਾਰਡ ਕੌਣ ਸੰਚਾਲਿਤ ਕਰਦਾ ਹੈ?

ਬੱਚਿਆਂ ਦੇ ਮਾਪੇ ਜਾਂ ਸਰਪ੍ਰਸਤ ਹੀ ਉਨ੍ਹਾਂ ਦੇ ਰਿਕਾਰਡਾਂ ਦਾ ਸਵੈ-ਚਾਲਿਤ ਢੰਗ ਨਾਲ ਸੰਚਾਲਨ ਕਰਨਗੇ ਅਤੇ ਬਹੁਤੇ ਬੱਚੇ ਚਾਹੁਣਗੇ ਕਿ ਉਨ੍ਹਾਂ ਦੇ ਸਿਹਤ ਰਿਕਾਰਡ ਦਾ ਸੰਚਾਲਨ ਕਰਨਾ ਉਨ੍ਹਾਂ ਦੇ ਮਾਪੇ ਹੀ ਜਾਰੀ ਰੱਖਣ।

ਫਿਰ ਵੀ, 14 ਅਤੇ 15 ਸਾਲਾਂ ਦੀ ਉਮਰ ਦੇ ਕੁੱਝ ਬੱਚੇ ਕੁੱਝ ਖ਼ਾਸ ਹਾਲਾਤ ਵਿੱਚ ਇਹ ਇੱਛਾ ਰੱਖ ਸਕਦੇ ਹਨ ਕਿ ਉਹ ਆਪਣੇ ਸਿਹਤ ਰਿਕਾਰਡਾਂ ਦਾ ਸੰਚਾਲਨ ਖ਼ੁਦ ਕਰਨ।

ਜੇ ਤੁਹਾਡਾ ਬੱਚਾ 14 ਜਾਂ 15 ਸਾਲਾਂ ਦਾ ਹੈ ਅਤੇ ਉਸ ਕੋਲ ਆਪਣੇ ਰਿਕਾਰਡ ਨੂੰ ਸੰਚਾਲਨ ਦਾ ਕੋਈ ਕਾਰਨ ਹੈ ਤਾਂ ਉਹ ਆਪਣੇ ਡਾਕਟਰ ਨਾਲ ਇਸ ਮਾਮਲੇ ਤੇ ਗੱਲ ਕਰ ਸਕਦਾ ਹੈ, ਡਾਕਟਰ ਉਸ ਨੂੰ ਇਸ ਮਾਮਲੇ ਵਿੱਚ ਅਗਲੇਰੀ ਸਲਾਹ ਦੇ ਸਕਦਾ ਹੈ।

16 ਸਾਲ ਦੀ ਉਮਰ ਹੋਣ ਤੇ ਬੱਚਿਆਂ ਨੂੰ ਆਪਣੇ ਖ਼ੁਦ ਦੇ ਰਿਕਾਰਡ ਦਾ ਸੰਚਾਲਨ ਕਰਨ ਦਾ ਵਿਕਲਪ ਦਿੱਤਾ ਜਾਵੇਗਾ।

## ਕੀ ਮੇਰੇ ਬੱਚੇ ਨੂੰ ਭਾਗ ਲੈਣਾ ਪਵੇਗਾ?

ਸ਼ਾਮਲ ਕਰਨ ਵਾਲੇ ਪ੍ਰਦਾਤਾ ਕੋਲ ਜਾ ਕੇ ਤੁਹਾਡਾ ਬੱਚਾ ਸਵੈ-ਚਾਲਿਤ ਢੰਗ ਨਾਲ ਹੈਲਥ ਈ-ਲਿੰਕ ਵਿੱਚ ਐਨਰੋਲ ਹੋ ਜਾਵੇਗਾ।

ਇਹ ਫ਼ੈਸਲਾ ਤੁਹਾਡਾ ਹੈ ਕਿ ਤੁਸੀਂ ਆਪਣੇ ਬੱਚੇ ਦੀ ਸਿਹਤ ਜਾਣਕਾਰੀ ਨੂੰ ਸ਼ਾਮਲ ਕਰਨ ਦੀ ਇਜਾਜ਼ਤ ਦੇਵੋ ਜਾਂ ਨਾ।

## ਮੈਂ ਹੋਰ ਕਿਵੇਂ ਲੱਭ ਸਕਦਾ/ਸਕਦੀ ਹਾਂ?

ਇੱਕ ਵਾਰ ਤੁਹਾਡੇ ਬੱਚੇ ਦੀ ਐਨਰੋਲਮੈਂਟ ਹੋਣ ਉਤੇ ਤੁਹਾਨੂੰ ਇੱਕ ਵਿਸਤ੍ਰਿਤ ਜਾਣਕਾਰੀ ਪੈਕ ਪ੍ਰਾਪਤ ਹੋਵੇਗਾ, ਜੋ ਤੁਹਾਨੂੰ ਇਹ ਫ਼ੈਸਲਾ ਲੈਣ ਵਿੱਚ ਮਦਦ ਕਰੇਗਾ ਕਿ ਤੁਸੀਂ ਹੈਲਥ ਈ-ਲਿੰਕ ਵਿੱਚ ਆਪਣੇ ਬੱਚੇ ਦੀ ਸ਼ਮੂਲੀਅਤ ਜਾਰੀ ਰੱਖਣੀ ਹੈ ਜਾਂ ਨਹੀਂ।

ਹੋਰ ਜਾਣਕਾਰੀ ਲਈ ਕ੍ਰਿਪਾ ਕਰਕੇ 1800 75 22 66 ਉਤੇ ਹੈਲਥ ਈ-ਲਿੰਕ ਨੂੰ ਕਾਲ ਕਰੋ ਜਾਂ www.healthelink.nsw.gov.au ਨੂੰ ਲੌਗ ਔਨ ਕਰੋ।

ਹੈਲਥ ਈ-ਲਿੰਕ ਇੱਕ ਇਲੈਕਟ੍ਰਾਨਿਕ ਸਿਹਤ ਰਿਕਾਰਡ ਪ੍ਰਣਾਲੀ ਹੈ, ਜੋ ਨਿਊ ਸਾਊਥ ਵੇਲਜ਼ ਸਿਹਤ ਦੀ ਹੈ ਅਤੇ ਉਹੀ ਇਸ ਦਾ ਸੰਚਾਲਨ ਵੀ ਕਰਦੀ ਹੈ।

NSW HEALTH